**ਦਫ. ਡਾਇਰੈਕਟਰ, ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ**
**ਬਲਾਕ-ਈ, ਛੇਵੀਂ ਮੰਜਿਲ,ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ,**
**ਸੈਕਟਰ-62,ਸ.ਅ.ਸ ਨਗਰ**

---

ਵੱਲ:

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)
2. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ.)
3. ਸਮੂਹ ਸਕੂਲ ਮੁੱਖੀ ( ਵੈਬਸਾਈਟ ਰਾਹੀਂ)

ਮੀਮੋ ਨੰ. 1/57/2019/ **SE-2(T)** / 0001
ਮਿਤੀ: 24-09-2019

**ਵਿਸ਼ਾ: ਸਤੰਬਰ ਟੈਸਟ-2019 ਉਪਰੰਤ ਮਾਪੇ ਅਧਿਆਪਕ ਮਿਲਣੀ ਸੰਬਧੀ।**

ਹਵਾਲਾ ਨੰ. 1/57/2019/ **SE-2(T)** /9126
ਮਿਤੀ: 29-08-2019

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਅਨੁਸਾਰ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਿਤੀ 09-09-2019 ਤੋਂ 16-09-2019 ਤੱਕ ਸਤੰਬਰ ਟੈਸਟ ਲਏ ਗਏ ਹਨ।ਟੈਸਟਾਂ ਉਪਰੰਤ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਮਿਤੀ 28-09-2019 ਨੂੰ ਸਵੇਰੇ 9 ਵਜੇ ਤੋਂ ਦੁਪਹਿਰ 1 ਵਜੇ ਤੱਕ ਮਾਪੇ ਅਧਿਆਪਕ ਮਿਲਣੀ ਕਰਵਾਈ ਜਾਵੇਗੀ।ਇਸ ਮਾਪੇ ਅਧਿਆਪਕ ਮਿਲਣੀ ਵਿੱਚ ਹੇਠ ਲਿਖਿਆਂ ਗਤੀਵਿਧੀਆਂ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ।

2.1 ਮਾਪੇ ਅਧਿਆਪਕ ਮਿਲਣੀ ਸੰਬਧੀ ਸਕੂਲ ਮੁੱਖੀ ਦੁਆਰਾ ਸਮੂਹ ਵਿਦਿਆਰਥੀਆਂ ਦੇ ਮਾਪਿਆਂ ਨੂੰ ਅਗਾਊਂ ਹੀ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।ਇਸ ਸੰਬਧੀ ਸਕੂਲ ਮੁਖੀ ਵੱਲੋਂ ਰੋਜਾਨਾ ਸਵੇਰ ਦੀ ਸਭਾ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ ਦੀ ਮਾਪੇ ਅਧਿਆਪਕ ਮਿਲਣੀ ਵਿੱਚ ਸ਼ਮੂਲੀਅਤ ਕਰਨ ਲਈ ਪ੍ਰੇਰਿਤ ਕੀਤਾ ਜਾਵੇ।ਇਸ ਕਾਰਜ ਲਈ ਨਜਦੀਕੀ ਮੰਦਿਰ ,ਗੁਰੂਦੁਆਰਾ ਆਦਿ ਦੇ ਲਾਊਡ ਸਪੀਕਰ ਦੀ ਵਰਤੋਂ ਕੀਤੀ ਜਾਵੇ,ਇਸਤੋਂ ਇਲਾਵਾ ਸਕੂਲ ਮੁਖੀਆਂ/ਅਧਿਆਪਕਾਂ ਦੁਆਰਾ ਮਾਪਿਆਂ ਨਾਲ ਬਣਾਏ ਗਏ ਵੱਟਸ ਅੱਪ ਗਰੁੱਪ ਰਾਹੀਂ ਮਾਪੇ ਅਧਿਆਪਕ ਮਿਲਣੀ ਸੰਬਧੀ ਪੋਸਟਰ ਅਤੇ ਸੱਦਾ ਪੱਤਰ ਦੁਆਰਾ ਵੀ ਸੂਚਿਤ ਕੀਤਾ ਜਾਵੇ।

2.2 ਕਿਉਂ ਜੋ ਹਰ ਵਿਦਿਆਰਥੀ ਅੰਦਰ ਕੋਈ ਨਾ ਕੋਈ ਵਿੱਲਖਣ ਪ੍ਰਤੀਭਾ ਹੁੰਦੀ ਹੈ ਇਸ ਲਈ ਹਰੇਕ ਵਿਦਿਆਰਥੀਆਂ ਦੀ ਪ੍ਰਤੀਭਾ ਅਨੁਸਾਰ, ਮਾਪੇ ਅਧਿਆਪਕ ਮਿਲਣੀ ਦੌਰਾਨ ਸਾਰੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨਾ ਯਕੀਨੀ ਬਣਾਇਆ ਜਾਵੇ।

2.3 ਮਾਪੇ ਅਧਿਆਪਕ ਮਿਲਣੀ ਦੌਰਾਨ ਜਮਾਤ ਇੰਨਚਾਰਜ ਸਬੰਧਤ ਜਮਾਤਾਂ ਵਿੱਚ ਹਾਜਰ ਰਹਿਣਗੇ ਅਤੇ ਮਾਪਿਆਂ ਨੂੰ ਨਤੀਜਾ ਰਜਿਸਟਰ ਅਤੇ ਵਿਦਿਆਰਥੀਆਂ ਦੁਆਰਾ ਵੱਖ ਵੱਖ ਗਤੀਵਿਧਿਆਂ ਵਿੱਚ ਹਾਸਲ ਕੀਤੀਆਂ ਗਈਆਂ ਪ੍ਰਾਪਤੀਆਂ ਸੰਬਧੀ ਰਿਕਾਰਡ ਦਿਖਾਉਣਗੇ।

2.4 ਸਮੂਹ ਸਰਕਾਰੀ ਸਕੂਲਾਂ ਵਿੱਚ ਮਾਪੇ ਅਧਿਆਪਕ ਮਿਲਣੀ ਦੌਰਾਨ ਅਧਿਆਪਕ ਅਤੇ ਮਾਪਿਆਂ ਵੱਲੋਂ ਵਿਦਿਆਰਥੀਆਂ ਦੇ ਅਕਾਦਮਿਕ ਪ੍ਰਗਤੀ ਦੇ ਨਾਲ ਸਮੁੱਚੇ ਵਿਕਾਸ ਨੂੰ ਧਿਆਨ ਵਿੱਚ ਰੱਖ ਕੇ ਵਿਚਾਰ ਵਟਾਂਦਰਾ ਅਤੇ ਭਵਿੱਖੀ ਵਿਉਂਤਬੰਦੀ ਕੀਤੀ ਜਾਵੇ।

2.5 ਸਮੂਹ ਮਾਪਿਆਂ ਨੂੰ ਜਮਾਤ ਇੰਨਚਾਰਜ ਦੇ ਨਾਲ ਨਾਲ ਵਿਸ਼ਾ ਅਧਿਆਪਕਾਂ ਨਾਲ ਵੀ ਵਿਦਿਆਰਥੀਆਂ ਦੀ ਕਾਰਗੁਜਾਰੀ ਸਾਂਝੀ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

2.6 ਮਾਪੇ ਅਧਿਆਪਕ ਮਿਲਣੀ ਦੌਰਾਨ ਮਾਪਿਆਂ ਲਈ ਚਾਹ-ਪਾਣੀ ਅਤੇ ਬੈਠਣ ਦਾ ਪ੍ਰਬੰਧ ਕੀਤਾ ਜਾਵੇ।**PAB**-2019 ਸਮਗਰਾ ਸਿੱਖਿਆ ਅਭਿਆਨ ਦੇ **Minutes** ਅਨੁਸਾਰ **Media and Community Mobilisation** ਲਈ ਪ੍ਰਵਾਣਤ ਐਲੀਮੈਂਟਰੀ ਮਦ ਨੰ. 62-ਬੀ ਅਤੇ ਸੈਕੰਡਰੀ ਸਿੱਖਿਆ ਦੇ ਮਦ ਨੰ. 62-ਏ ਬਜਟ ਅਨੁਸਾਰ ਵਿਭਾਗ ਵੱਲੋਂ ਮਾਪੇ ਅਧਿਆਪਕ ਮਿਲਣੀ ਦੇ ਸਮੁੱਚੇ ਪ੍ਰਬੰਧਕੀ ਖਰਚੇ ਲਈ ਰੁਪਏ 1000 ਕੇਵਲ ਪ੍ਰਤੀ ਸਕੂਲ ਜਾਰੀ ਕੀਤੇ ਜਾਣਗੇ।

2.7 ਮਾਪੇ ਅਧਿਆਪਕ ਮਿਲਣੀ ਦੌਰਾਨ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਉਚਿਤ ਸਕਰਾਤਮਕ ਮਹੌਲ ਰੱਖਿਆ ਜਾਵੇ।

2.8 ਮਾਪੇ ਅਧਿਆਪਕ ਮਿਲਣੀ ਦੌਰਾਨ ਸਕੂਲ ਅਤੇ ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੀ ਗਈਆਂ ਉਪਲੱਬਧੀਆਂ ਅਤੇ ਕਾਰਗੁਜਾਰੀਆਂ ਨੂੰ ਵਿਸ਼ੇਸ਼ ਤੌਰ ਤੇ ਪ੍ਰਦਰਸ਼ਿਤ ਕੀਤਾ ਜਾਵੇ।

2.9 ਵਿਦਿਆਰਥੀਆਂ ਨੂੰ ਗੁਣਾਤਮਕ ਸਿੱਖਿਆ ਦੇਣ ਲਈ ਵਿਭਾਗ ਦੁਆਰਾ ਤਿਆਰ ਕੀਤੇ ਗਏ ਈ-ਕੰਨਟੈਂਟ ਨੂੰ ਮਾਪਿਆਂ ਨਾਲ ਸਾਂਝਾ ਕਰਨ ਲਈ ਸਕੂਲ ਦੀਆਂ LCDs ਤੇ Display ਕੀਤਾ ਜਾਵੇ।

2.10 ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ,ਮਾਂ ਬੋਲੀ ਅਤੇ ਵਿਰਸੇ ਨਾਲ ਜੋੜਣ ਦੇ ਮੰਤਵ ਨਾਲ ਵਿਭਾਗ ਵੱਲੋਂ ਭੇਜੇ ਜਾਂਦੇ ਪੰਜਾਬੀ ਅਤੇ ਅੰਗਰੇਜ਼ੀ ਸ਼ਬਦਾਂ ਦਾ Quiz Competition ਕਰਵਾਇਆ ਜਾਵੇ।ਇਸ ਸੰਬਧੀ ਲਿੰਕ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ/ਸੈ.ਸਿ.) ਨੂੰ ਵੱਟਸਅਪ ਰਾਹੀਂ ਭੇਜਿਆ ਜਾਵੇਗਾ।

2.11 ਮਾਪੇ ਅਧਿਆਪਕ ਮਿਲਣੀ ਦਾ ਬਕਾਇਦਾ ਰਿਕਾਰਡ ਵਿਜ਼ਿਟਰ ਅਤੇ ਸੁਝਾਅ ਰਜਿਸਟਰ ਦੇ ਰੂਪ ਵਿੱਚ ਰੱਖਿਆ ਜਾਵੇ।

3.1 ਇਸ ਮਾਪੇ ਅਧਿਆਪਕ ਮਿਲਣੀ ਨੂੰ ਪੂਰਨ ਰੂਪ ਵਿੱਚ ਸਿਰੇ ਚੜ੍ਹਾਉਣ ਅਤੇ ਇਸ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੇ ਮਾਪਿਆਂ ਨੂੰ ਸ਼ਾਮਿਲ ਕਰਵਾਉਣ ਲਈ ਸਮੂਹ ਸਿੱਖਿਆ ਸੁਧਾਰ ਟੀਮਾਂ,ਕੰਮ ਕਰ ਰਹੇ ਬੀ.ਐਮ/ਡੀ.ਐਮ/ਬੀ.ਐਮ.ਟੀ/ਸੀ.ਐਮ.ਟੀ ਆਪਣੀ ਨਾਰਮਲ ਡਿਊਟੀ ਤੋਂ ਇਲਾਵਾ ਵਿਜ਼ਿਟ ਕੀਤੇ ਜਾ ਰਹੇ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਮਿਤੀ 28-09-2019 ਨੂੰ ਸਕੂਲ ਵਿੱਚ ਲਿਆਉਣ ਲਈ ਪ੍ਰੇਰਣ ਦਾ ਕੰਮ ਵੀ ਕਰਨਗੇ।ਇਸ ਤੋਂ ਇਲਾਵਾ ਮਾਪੇ ਅਧਿਆਪਕ ਮਿਲਣੀ ਨੂੰ ਸਿਰੇ ਚੜ੍ਹਾਉਣ ਲਈ ਸਕੂਲ ਮੁਖੀਆਂ ਦਾ ਸਹਿਯੋਗ ਦੇਣਗੇ।

3.2 ਮਿਤੀ 28-09-2019 ਨੂੰ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ/ਸੈ.ਸਿ.), ਉਪ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ/ਸੈ.ਸਿ.),ਪ੍ਰਿੰਸੀਪਲ ਜ਼ਿਲ੍ਹਾ ਸਿਖਲਾਈ ਅਤੇ ਟ੍ਰੇਨਿੰਗ ਸੰਸਥਾਂ ਅਤੇ ਬਲਾਕ ਪ੍ਰਾਈਮਰੀ ਸਿੱਖਿਆ ਅਫਸਰ ਆਪਣੇ ਅਧੀਨ ਪੈਂਦੇ ਸਕੂਲਾਂ ਵਿੱਚ ਜਾਣਗੇ ਅਤੇ ਯਕੀਨੀ ਬਣਾਉਣਗੇ ਕਿ ਮਾਪੇ ਅਧਿਆਪਕ ਮਿਲਣੀ ਸੁਚਾਰੂ ਢੰਗ ਨਾਲ ਚੱਲ ਰਹੀ ਹੈ।

3.3 ਇਸ ਦਿਨ ਮੁੱਖ ਦਫਤਰ ਤੋਂ ਡੀ.ਪੀ.ਆਈ (ਐ.ਸਿ), ਡੀ.ਪੀ.ਆਈ (ਸੈ.ਸਿ),ਉਹਨਾਂ ਦੇ ਦਫਤਰ ਦੇ ਸਮੂਹ ਅਧਿਕਾਰੀ,ਦਫ.ਡੀ.ਜੀ.ਐਸ.ਈ ਦੇ ਸਮੂਹ ਅਧਿਕਾਰੀ ਅਤੇ ਨੋਡਲ ਅਫਸਰ ਸਕੂਲਾ ਦੀ ਵਿਜ਼ਿਟ ਕਰਨਗੇ ਅਤੇ ਦੇਖਣਗੇ ਕਿ ਮਾਪੇ ਅਧਿਆਪਕ ਮਿਲਣੀ ਦਾ ਕੰਮ ਠੀਕ-ਠਾਕ ਚੱਲ ਰਿਹਾ ਹੈ।

4.1 ਇਸ ਮੌਕੇ ਊਰਜਾ ਸੰਭਾਲ (Power Conservation Drawinng competition) ਤੇ ਪੇਂਟਿੰਗ ਮੁਕਾਬਲੇ ਕਰਵਾਏ ਜਾਣ।

ਹੁਕਮਾਂ ਦੀ ਇੰਨ -ਬਿੰਨ ਪਾਲਣਾ ਕੀਤੀ ਜਾਵੇ।

ਡਾਇਰੈਕਟਰ
ਐਸ.ਸੀ.ਈ.ਆਰ.ਟੀ ਪੰਜਾਬ

ਪਿੱਠਅੰਕਣ ਨੰ. ਉਕਤ — ਮਿਤੀ: ਸ.ਅ.ਸ ਨਗਰ, 24-09-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ,ਪੰਜਾਬ।
2. ਪੀ.ਏ ਟੂ ਡੀ.ਪੀ.ਆਈ(ਸੈ.ਸਿ),ਪੰਜਾਬ।
3. ਪੀ.ਏ ਟੂ ਡੀ.ਪੀ.ਆਈ(ਐ.ਸਿ),ਪੰਜਾਬ।
4. ਪੀ.ਏ ਟੂ ਡਾਇਰੈਕਟਰ,ਐਸ.ਸੀ.ਈ.ਆਰ.ਟੀ ਪੰਜਾਬ
5. ਸਹਾਇਕ ਡਾਇਰੈਕਟਰ(ਕੋਆਰੀਨੇਸ਼ਨ) ਦਫ.ਡੀ.ਜੀ.ਐਸ.ਈ.ਪੰਜਾਬ।

ਡਾਇਰੈਕਟਰ
ਐਸ.ਸੀ.ਈ.ਆਰ.ਟੀ ਪੰਜਾਬ